ਦਫਤਰ ਜ਼ਿਲ੍ਹਾ ਲੋਕ ਸੰਪਰਕ ਅਫਸਰ, ਫਰੀਦਕੋਟ

## ਜ਼ਿਲ੍ਹਾ ਮੈਜਿਸਟਰੇਟ ਵੱਲੋਂ ਸ਼ਰਾਬ ਦੇ ਠੇਕਿਆਂ ਦੇ ਸਟਾਕ ਦੀ ਗਿਣਤੀ ਲਈ 22 ਅਪ੍ਰੈਲ ਤੋਂ 26 ਅਪ੍ਰੈਲ 2020 ਤੱਕ ਮਨਜ਼ੂਰੀ

ਸ਼ਰਾਬ ਦੇ ਸਟਾਕ ਦੀ ਗਿਣਤੀ ਕਰਨ ਸਮੇਂ ਠੇਕਿਆਂ ਦੇ ਸ਼ਟਰ ਬੰਦ ਰੱਖੇ ਜਾਣਗੇ: ਕੁਮਾਰ ਸੌਰਭ ਰਾਜ

ਫਰੀਦਕੋਟ 21 ਅਪ੍ਰੈਲ,2020 ( ) ਜ਼ਿਲ੍ਹਾ ਮੈਜਿਸਟਰੇਟ ਫਰੀਦਕੋਟ ਸ੍ਰੀ ਕੁਮਾਰ ਸੌਰਭ ਰਾਜ ਵੱਲੋਂ ਜ਼ਿਲ੍ਹੇ ਵਿਚ ਕਰੋਨਾ ਮਹਾਂਮਾਰੀ ਦੇ ਫੈਲਾਅ ਨੂੰ ਰੋਕਣ ਲਈ 23 ਮਾਰਚ 2020 ਨੂੰ ਲਗਾਏ ਕਰਫਿਊ ਦੀ ਲਗਾਤਾਰਤਾ ਵਿਚ ਸਹਾਇਕ ਆਬਕਾਰੀ ਤੇ ਕਰ ਕਮਿਸ਼ਨ ਫਰੀਦਕੋਟ ਵੱਲੋਂ ਪ੍ਰਾਪਤ ਬੇਨਤੀ ਦੇ ਆਧਾਰ ਤੇ ਆਬਕਾਰੀ ਵਿਭਾਗ ਦੇ ਉੱਚ ਅਧਿਕਾਰੀਆਂ ਵੱਲੋਂ ਠੇਕਿਆਂ ਤੇ ਪਏ ਸਾਲ 2019-20 ਦੇ ਸ਼ਰਾਬ ਦੇ ਸਟਾਕ ਦੀ ਗਿਣਤੀ ਕਰਨ ਦੀ ਮਨਜ਼ੂਰੀ ਦਿੱਤੀ ਗਈ ਹੈ।

ਜਿਲ੍ਹਾ ਮੈਜਿਸਟਰੇਟ ਦੇ ਹੁਕਮਾਂ ਅਨੁਸਾਰ ਠੇਕਿਆਂ ਦੇ ਸ਼ਰਾਬ ਦੇ ਸਟਾਕ ਦੀ ਗਿਣਤੀ ਮਿਤੀ 22-04-2020 ਤੋਂ 26-04-2020 ਤੱਕ ਜੋਨ ਵਾਈਜ਼ ਕੀਤੀ ਜਾਵੇਗੀ। ਮਿਤੀ 22 ਅਪ੍ਰੈਲ ਨੂੰ ਫਰੀਦਕੋਟ ਜੋਨ-1 ਵਿਚ ਸਾਦਿਕ ਚੌਂਕ,ਪੁਰਾਣੀ ਜੇਲ੍ਹ, ਨਿਊ ਕੈਂਟ ਰੋਡ,ਨੇੜੇ ਐਸ ਕੇ ਸੈਲਰ,ਅਰਾਈਆ ਵਾਲਾ, ਝੋਟੀਵਾਲਾ,ਮਿੱਡੂਮਾਨ, ਜੰਡ ਵਾਲਾ, ਘੁਗਿਆਣਾ, ਮਿਤੀ 23 ਅਪ੍ਰੈਲ ਨੂੰ ਕੋਟਕਪੂਰਾ ਰੋਡ, ਚਹਿਲ ਚੌਂਕ,ਵੀਰੇਵਾਲਾ, ਨੇੜੇ ਗਾਰਡਨਵਿਊ ਰਿਜੋਰਟ, ਚਹਿਲ,ਧੂੜਕੋਟ, ਭਾਣਾ ਅਤੇ ਕੋਟਸੁਖੀਆ, ਮਿਤੀ 24 ਅਪ੍ਰੈਲ ਨੂੰ ਕੋਟਕਪੂਰਾ ਕੋਨ-1 ਵਿਚ ਲੱਕੜ ਮੰਡੀ,ਨਵਾਂ ਬੱਸ ਸਟੈਂਡ,ਫਰੀਦਕੋਟ ਰੋਡ, ਸੰਧਵਾਂ, ਸਿੱਖਾਂਵਾਲਾ, ਸਿਰਸੜੀ,ਬੀੜ ਸਿੱਖਾਂਵਾਲਾ ਅਤੇ ਨੱਥੇਵਾਲਾ, ਮਿਤੀ 25 ਅਪ੍ਰੈਲ ਨੂੰ ਕੋਟਕਪੂਰਾ ਜੋਨ 6 ਵਿਚ ਸੁਰਗਾਪੁਰੀ,ਮੁਕਤਸਰ ਰੋਡ, ਫੈਕਟਰੀ ਰੋਡ, ਕੋਠੇ ਵੜਿੰਗ, ਖਾਰਾ, ਵਾੜਾ ਦਰਾਕਾ, ਵਾਂਦਰ ਜਟਾਣਾ ਅਤੇ ਚੱਕ ਕਲਿਆਣ, ਅਤੇ ਮਿਤੀ 26 ਅਪ੍ਰੈਲ ਨੂੰ ਜੈਤੋ ਜੋਨ-1 ਵਿਚ ਦਾਣਾ ਮੰਡੀ, ਬੱਸ ਸਟੈਂਡ, ਪਿੰਡ ਜੈਤੋ, ਟਿੱਬੀ ਸਾਹਿਬ ਰੋਡ, ਦਲ ਸਿੰਘ ਵਾਲਾ, ਸੇਢਾ ਸਿੰਘ ਵਾਲਾ, ਝੱਖੜ ਵਾਲਾ, ਬਾਜਾਖਾਨਾ-1, ਬਾਜਾਖਾਨਾ-2, ਅਜਿੱਤ ਗਿੱਲ, ਡੋਡ ਅਤੇ ਲੰਭਵਾਲੀ ਹਨ।

ਸ਼ਰਾਬ ਦੇ ਸਟਾਕ ਦੀ ਗਿਣਤੀ ਕਰਨ ਸਮੇਂ ਠੇਕਿਆਂ ਦੇ ਸ਼ਟਰ ਬੰਦ ਰੱਖੇ ਜਾਣਗੇ।

ਉਨ੍ਹਾਂ ਇਹ ਵੀ ਆਦੇਸ਼ ਦਿੱਤੇ ਕਿ ਭਾਰਤ ਸਰਕਾਰ, ਪੰਜਾਬ ਸਰਕਾਰ ਵੱਲੋਂ ਸਮੇਂ ਸਮੇਂ ਤੇ ਜਾਰੀ ਹੁਕਮਾਂ ਦੀ ਇੰਨ ਬਿੰ ਨ ਪਾਲਣਾ ਸਕੀਨੀ ਬਣਾਈ ਜਾਵੇਗੀ ਅਤੇ ਸ਼ਰਾਬ ਦੇ ਸਟਾਕ ਦੀ ਗਿਣਤੀ ਕਰਦੇ ਸਮੇਂ ਸਮਾਜਿਕ ਦੂਰੀ ਬਣਾ ਕੇ ਰੱਖੀ ਜਾਵੇਗੀ।ਇਸ ਤੋਂ ਇਲਾਵਾ ਸਟਾਕ/ਸ਼ਰਾਬ ਦੀ ਗਿਣਤੀ ਦੌਰਾਨ ਕਿਸੇ ਵਿਅਕਤੀ ਨੂੰ ਸ਼ਰਾਬ ਸਪਲਾਈ ਕਰਨ ਜਾਂ ਹਦਾਇਤਾਂ ਦੀ ਉਲੰਘਣਾ ਦੀ ਕੋਈ ਸ਼ਿਕਾਇਤ ਇਸ ਦਫਤਰ ਦੇ ਧਿਆਨ ਵਿਚ ਆਉਂਦੀ ਹੈ ਤਾਂ ਦਿੱਤੀ ਹੋਈ ਪ੍ਰਵਾਨਗੀ ਬਿਨ੍ਹਾਂ ਕਿਸੇ ਅਗਾਊ ਨੋਟਿਸ ਦੇ ਰੱਦ ਕਰ ਦਿੱਤੀ ਜਾਵੇਗੀ ਅਤੇ ਦੋਸ਼ੀ ਕਰਮਚਾਰੀ/ਅਧਿਕ ਤਹਿਤ ਕਾਰਵਾਈ ਕੀਤੀ ਜਾਵੇਗੀ।ਸਟਾਕ ਦੀ ਗਿਣਤੀ ਸਮੇਂ ਠੇਕਿਆਂ ਦੇ ਸ਼ਟਰ ਬੰਦ ਰੱਖੇ ਜਾਣਗੇ।

ਦਫਤਰ ਜਿਲ੍ਹਾ ਲੋਕ ਸੰਪਰਕ ਅਫਸਰ, ਫਰੀਦਕੋਟ

-ਜਿਲ੍ਹੇ ਦੀਆਂ ਮੰਡੀਆਂ ਵਿੱਚ ਕੱਲ ਸ਼ਾਮ ਤੱਕ 116175 ਮੀਟਰਕ ਟਨ ਕਣਕ ਦੀ ਆਮਦ ਹੋਈ

-ਕਿਸਾਨਾਂ ਨੂੰ 23 ਅਪ੍ਰੈਲ ਤੱਕ ਲਈ 26 ਹਜ਼ਾਰ ਤੋਂ ਵੱਧ ਪਾਸ ਜਾਰੀ ਕੀਤੇ ਗਏ

ਫਰੀਦਕੋਟ 21 ਅਪ੍ਰੈਲ ( ) ਕੋਵਿਡ-19 ਮਹਾਂਮਾਰੀ ਦੀ ਰੋਕਥਾਮ ਲਈ ਲਗਾਏ ਗਏ ਕਰਫਿਊ ਦੇ ਚਲਦਿਆਂ ਪੰਜਾਬ ਸਰਕਾਰ ਵੱਲੋਂ ਕਣਕ ਦੀ ਖਰੀਦ ਲਈ ਅਤੇ ਮਹਾਂਮਾਰੀ ਨੂੰ ਅੱਗੇ ਵੱਧਣ ਤੋਂ ਰੋਕਣ ਲਈ ਵਿਸ਼ੇਸ਼ ਪ੍ਰਬੰਧ ਕੀਤੇ ਗਏ ਹਨ ਅਤੇ ਕਿਸਾਨਾਂ ਨੂੰ ਜਾਰੀ ਕੀਤੇ ਜਾਂਦੇ ਪਾਸਾਂ ਰਾਹੀਂ ਜ਼ਿਲ੍ਹੇ ਦੇ ਖਰੀਦ ਕੇਂਦਰਾਂ ਵਿਚ ਕਣਕ ਦੀ ਆਮਦ, ਖਰੀਦ ਅਤੇ ਲਿਫਟਿੰਗ ਲਗਾਤਾਰ ਜਾਰੀ ਹੈ।

ਡਿਪਟੀ ਕਮਿਸ਼ਨਰ ਸ੍ਰੀ ਕੁਮਾਰ ਸੌਰਭ ਰਾਜ ਨੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਆਪਣੀ ਵਾਰੀ ਅਤੇ ਪਾਸ ਦੀ ਤਰੀਕ ਅਨੁਸਾਰ ਹੀ ਫਸਲ ਸਬੰਧਿਤ ਮੰਡੀ ਵਿਜ ਲੈ ਕੇ ਆਉਣ। ਉਨ੍ਹਾਂ ਕਿਹਾ ਕਿ ਮੰਡੀਆਂ ਵਿਚ ਕਣਕ ਦੀ ਸਾਫ ਸਫਾਈ ਤੋਲ, ਲਿਫਟਿੰਗ ਆਦਿ ਕੰਮਾਂ ਸਮੇਂ ਸਮਾਜਿਕ ਦੂਰੀ ਦਾ ਵਿਸੇਸ਼ ਖਿਆਲ ਰੱਖਿਆ ਜਾਵੇ ਅਤੇ ਹਰ ਸਮੇਂ ਮਾਸਕ ਪਹਿਨਿਆ ਜਾਵੇ।

ਜਿਲਾ ਖੁਰਾਕ ਤੇ ਸਪਲਾਈ ਕੰਟਰੋਲਰ ਸ੍ਰੀ ਜਸਪ੍ਰੀਤ ਸਿੰਘ ਕਾਹਲੋਂ ਨੇ ਦੱਸਿਆ ਕਿ ਜਿਲੇ ਦੀਆਂ ਮੰਡੀਆਂ ਵਿੱਚ ਕੱਲ ਸ਼ਾਮ ਤੱਕ 116175 ਮੀਟਰਕ ਟਨ ਕਣਕ ਦੀ ਆਮਦ ਹੋਈ ਹੈ ਜਿਸ ਵਿਚੋਂ ਖਰੀਦ ਏਜੰਸੀਆਂ ਵੱਲੋਂ 101244 ਮੀਟਰਕ ਟਨ ਕਣਕ ਦੀ ਖਰੀਦ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਕੱਲ ਸ਼ਾਮ ਤੱਕ ਪਨਗ੍ਰੇਨ ਵੱਲੋਂ 29087 ਮੀਟਰਕ ਟਨ, ਮਾਰਕਫੈੱਡ ਵੱਲੋਂ 31622 ਮੀਟਰਕ ਟਨ,ਪਨਸਪ ਵੱਲੋਂ 23480 ਮੀਟਰਕ ਟਨ ,ਪੰਜਾਬ ਸਟੇਟ ਵੇਅਰ ਹਾਊਸ ਕਾਰਪੋਰੇਸ਼ਨ ਵੱਲੋਂ 12485 ਮੀਟਰਿਕ ਟਨ ਅਤੇ ਐਫ ਸੀ ਆਈ ਵੱਲੋਂ 4570 ਮੀਟਰਿਕ ਟਨ ਕਣਕ ਦੀ ਖਰੀਦ ਕੀਤੀ ਗਈ ਹੈ ਅਤੇ 27512 ਮੀਟ੍ਰਿਕ ਟਨ ਕਣਕ ਦੀ ਲਿਫਟਿੰਗ ਹੋ ਚੁੱਕੀ ਹੈ।

ਜਿਲਾ ਡਿਪਟੀ ਮੰਡੀ ਅਫਸਰ ਸ੍ਰੀ ਗੌਰਵ ਗਰਗ ਨੇ ਦੱਸਿਆ ਕਿ ਮਿਤੀ 21 ਅਪ੍ਰੈਲ ਲਈ ਕਿਸਾਨਾ ਵਾਸਤੇ 3520 ਅਤੇ ਮਿਤੀ 22 ਅਪ੍ਰੈਲ ਲਈ 3645 ਅਤੇ 23 ਅਪ੍ਰੈਲ ਲਈ ਜ਼ਿਲ੍ਹੇ ਦੇ ਕਿਸਾਨਾਂ ਨੂੰ 4440 ਪਾਸ ਜਾਰੀ ਕੀਤੇ ਗਏ ਹਨ।ਉਨ੍ਹਾਂ ਦੱਸਿਆ ਕਿ ਕਿਸਾਨਾਂ ਨੂੰ ਇਹ ਪਾਸ ਦੋ ਦਿਨ ਪਹਿਲਾਂ ਤੋਂ ਹੀ ਆੜਤੀਆਂ ਰਾਹੀਂ ਪਹੁੰਚਾ ਦਿੱਤੇ ਜਾਂਦੇ ਹਨ।ਹੁਣ ਤੱਕ ਜਿਲ੍ਹੇ ਦੇ ਕਿਸਾਨਾਂ ਨੂੰ 26 ਹਜ਼ਾਰ ਤੋਂ ਵੱਧ ਪਾਸ ਜਾਰੀ ਕੀਤੇ ਜਾ ਚੁੱਕੇ ਹਨ। ਉਨਾਂ ਕਿਹਾ ਕਿ ਕਿਸਾਨ ਮੰਡੀ ਵਿੱਚ ਸੁੱਕੀ ਕਣਕ ਹੀ ਲੈ ਕੇ ਆਉਣ ਅਤੇ ਆਪਣੇ ਪਾਸ ਸਮੇਤ ਆਉਣ। ਉਨਾਂ ਕਿਸਾਨਾਂ, ਆਤੀਆਂ, ਲੇਬਰ ਨੂੰ ਸਮਾਜਿਕ ਦੂਰੀ ਬਣਾਈ ਰੱਖਣ ਅਤੇ ਮਾਸਕ ਪਾ ਕੇ ਰੱਖਣ ਦੀ ਅਪੀਲ ਕੀਤੀ।

ਦਫਤਰ ਜਿਲ੍ਹਾ ਲੋਕ ਸੰਪਰਕ ਅਫਸਰ, ਫਰੀਦਕੋਟ

ਸਿਹਤ ਵਿਭਾਗ ਵੱਲੋਂ ਪੁਲਿਸ ਡਿਊਟੀ ਤੇ ਤਾਇਨਾਤ ਅਮਲੇ ਦੀ ਸਮੇਂ ਸਮੇਂ ਤੇ ਥਰਮਲ ਸਕਰੀਨਿੰਗ ਕੀਤੀ ਜਾ ਰਹੀ ਹੈ-ਸਿਵਲ ਸਰਜਨ

ਕਲਸਟਰ ਜੋਨ ਵਿੱਚ ਰਹਿੰਦੇ ਲੋਕਾਂ ਦੀ ਘਰ ਘਰ ਜਾ ਕੇ ਸਿਹਤ ਸਬੰਧੀ ਜਾਣਕਾਰੀ ਲਈ ਜਾ ਰਹੀ ਹੈ

ਫਰੀਦਕੋਟ 21 ਅਪ੍ਰੈਲ ( ) ਸਿਹਤ ਵਿਭਾਗ ਫਰੀਦਕੋਟ ਵੱਲੋਂ ਕੋਵਿਡ-19 ਮਹਾਂਮਾਰੀ ਨੂੰ ਅੱਗੇ ਫੈਲਣ ਤੋਂ ਰੋਕਣ ਲਈ ਕੀਤੇ ਜਾ ਰਹੇ ਯਤਨਾਂ ਦੀ ਲੜੀ ਤਹਿਤ ਵਿਭਾਗ ਵੱਲੋਂ ਇਸ ਮਹਾਂਮਾਰੀ ਨੂੰ ਰੋਕਣ ਲਈ ਲਗਾਤਾਰ ਆਪਣੀਆਂ ਡਿਊਟੀਆਂ ਨਿਭਾ ਰਹੇ ਪੁਲਿਸ ਦੇ ਜਵਾਨਾਂ ਅਤੇ ਅਧਿਕਾਰੀਆਂ ਦੀ ਲਗਾਤਾਰ ਥਰਮਲ ਸਕਰੀਨਿੰਗ ਕੀਤੀ ਜਾ ਰਹੀ ਹੈ। ਇਹ ਜਾਣਕਾਰੀ ਸਿਵਲ ਸਰਜਨ ਡਾ. ਰਜਿੰਦਰ ਕੁਮਾਰ ਨੇ ਦਿੱਤੀ।

ਉਨ੍ਹਾਂ ਦੱਸਿਆ ਕਿ ਸਿਹਤ ਵਿਭਾਗ ਦੀਆਂ ਵੱਖ ਵੱਖ ਟੀਮਾਂ ਜਿੰਨਾਂ ਦੀ ਅਗਵਾਈ ਐਸ.ਐਮ.ਓ. ਡਾ. ਚੰਦਰ ਸ਼ੇਖਰ ਅਤੇ ਡਾ. ਰਾਜੀਵ ਭੰਡਾਰੀ ਆਦਿ ਵੱਲੋਂ ਕੀਤੀ ਜਾ ਰਹੀ ਹੈ, ਵੱਲੋਂ ਜਿਲ੍ਹੇ ਵਿੱਚ ਵੱਖ ਵੱਖ ਥਾਂ ਤੇ ਪੁਲਿਸ ਵੱਲੋਂ ਲਗਾਏ ਗਏ ਨਾਕਿਆਂ ਤੇ ਸੇਵਾਵਾਂ ਦੇ ਰਹੇ ਪੁਲਿਸ ਅਮਲੇ ਦੀ ਸਕਰੀਨਿੰਗ ਕੀਤੀ ਜਾ ਰਹੀ ਹੈ ਤਾਂ ਜੋ ਸਮੇਂ ਸਮੇਂ ਤੇ ਉਨ੍ਹਾਂ ਦੀ ਸਿਹਤ ਜਾਂਚ ਕੀਤੀ ਜਾ ਸਕੇ।ਉਨ੍ਹਾਂ ਅੱਗੇ ਦੱਸਿਆ ਕਿ ਫਰੀਦਕੋਟ ਜਿਲ੍ਹੇ ਵਿੱਚ ਕਰੋਨਾ ਪਾਜ਼ੀਟਿਵ ਮਰੀਜ਼ਾਂ ਦੇ ਸੰਪਰਕ ਵਿਚ ਆਏ 127 ਲੋਕਾਂ ਦੇ ਲਏ ਗਏ ਸਾਰੇ ਹੀ ਸੈਂਪਲ ਨੈਗੇਟਿਵ ਆ ਚੁੱਕੇ ਹਨ ਅਤੇ ਇਕ ਕਰੋਨਾ ਪਾਜੀਟਿਵ ਮਰੀਜ਼ ਨੂੰ ਇਲਾਜ ਮਗਰੋਂ ਹਸਪਤਾਲ ਤੋਂ ਛੁੱਟੀ ਦਿੱਤੀ ਜਾ ਚੁੱਕੀ ਹੈ ਅਤੇ ਉਸ ਦੀ ਹਾਲਤ ਬਿਲਕੁਲ ਠੀਕ ਹੈ।ਇਸੇ ਤਰ੍ਹਾਂ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਵਿਖੇ ਦਾਖਲ ਬਾਕੀ 2 ਕਰੋਨਾ ਮਰੀਜ਼ਾਂ ਦਾ ਇਲਾਜ ਵੀ ਵਧੀਆ ਚੱਲ ਰਿਹਾ ਹੈ ਤੇ ਉਨ੍ਹਾਂ ਦੀ ਸਿਹਤ ਵਿੱਚ ਲਗਾਤਾਰ ਸੁਧਾਰ ਹੋ ਰਿਹਾ ਹੈ।ਉਨ੍ਹਾਂ ਅੱਗੇ ਦੱਸਿਆ ਕਿ ਹਰਿੰਦਰਾ ਨਗਰ ਇਲਾਕੇ ਜਿਸ ਨੂੰ ਕੰਨਟੇਨਮੈਂਟ ਏਰੀਆ ਘੋਸ਼ਿਤ ਕੀਤਾ ਗਿਆ ਸੀ, ਨੂੰ ਪਿਛਲੇ ਦਿਨੀ ਖੋਲ੍ਹ ਦਿੱਤਾ ਗਿਆ ਹੈ ਜਦ ਕਿ ਕਲਸਟਰ ਜੋਨ (ਮਿਸਤਰੀਆਂ ਵਾਲੀ ਗਲੀ) ਇਲਾਕੇ ਵਿੱਚ ਸਿਹਤ ਵਿਭਾਗ ਦੀਆਂ ਟੀਮਾਂ ਵੱਲੋਂ ਘਰ ਘਰ ਜਾ ਕੇ ਲੋਕਾਂ ਦੀ ਸਿਹਤ ਸਬੰਧੀ ਜਾਣਕਾਰੀ ਲਈ ਜਾ ਰਹੀ ਹੈ।

ਸਿਵਲ ਸਰਜਨ ਨੇ ਸਮੂਹ ਜਿਲ੍ਹਾ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਇਸ ਮਹਾਂਮਾਰੀ ਨੂੰ ਫੈਲਣ ਤੋਂ ਰੋਕਣ ਲਈ ਜਿੱਥੇ ਕਰਫਿਊ ਦੇ ਨਿਯਮਾਂ ਦੀ ਪਾਲਣਾ ਕਰਨ ਉੱਥੇ ਹੀ ਘਰ ਵਿੱਚ ਰਹਿ ਕੇ ਸਮਾਜਿਕ ਦੂਰੀ ਬਣਾਈ ਰੱਖਣ।ਉਨ੍ਹਾਂ ਇਹ ਵੀ ਅਪੀਲ ਕੀਤੀ ਕਿ ਲੋਕ ਇਸ ਬਿਮਾਰੀ ਤੋਂ ਬਚਣ ਲਈ ਆਪਣਾ ਮੂੰਹ ਢੱਕ ਕੇ ਰੱਖਣ ਅਤੇ ਸਮੇਂ ਸਮੇਂ ਤੇ ਆਪਣੇ ਹੱਥ ਧੋਂਦੇ ਰਹਿਣ। ਉਨ੍ਹਾਂ ਕਿਹਾ ਕਿ ਇਸ ਬਿਮਾਰੀ ਨੂੰ ਰੋਕਣ ਦਾ ਇਕੋ ਇਕ ਤਰੀਕਾ ਹੈ ਕਿ ਅਸੀਂ ਸਿਰਫ ਤੇ ਸਿਰਫ ਆਪਣੇ ਘਰਾਂ ਵਿੱਚ ਰਹੀਏ।

ਦਫਤਰ ਜ਼ਿਲ੍ਹਾ ਲੋਕ ਸੰਪਰਕ ਅਫਸ਼ਰ, ਫਰੀਦਕੋਟ

**ਗੋਲੇਵਾਲਾ ਦੀ ਗਊਸ਼ਾਲਾ ਲਈ ਵੱਧ ਤੋਂ ਵੱਧ ਤੂੜੀ ਕੀਤੀ ਜਾਵੇ ਦਾਨ -ਡਿਪਟੀ ਕਮਿਸ਼ਨਰ**

ਨਗਦ ਰਾਸ਼ੀ ਐਸ.ਬੀ.ਆਈ ਦੇ ਖਾਤਾ ਨੰਬਰ 37677164488 ਵਿਚ ਕਰਵਾ ਸਕਦੇ ਹਨ ਜਮ੍ਹਾਂ

ਫਰੀਦਕੋਟ, 21 ਅਪ੍ਰੈਲ ( )

ਕਣਕ ਦੀ ਕਟਾਈ ਕਰਨ ਉਪਰੰਤ ਕਿਸਾਨ ਵੱਧ ਤੋਂ ਵੱਧ ਤੂੜੀ ਜ਼ਿਲ੍ਹੇ ਦੇ ਪਿੰਡ ਗੋਲੇਵਾਲਾ ਵਿਖੇ ਚਲਾਈ ਜਾ ਰਹੀ ਗਊਸ਼ਾਲਾ ਲਈ ਦਾਨ ਕਰਨ ਤਾਂ ਕਿ ਇਸ ਵਿਚ ਰਹਿ ਰਹੇ ਪਸ਼ੂਆਂ ਲਈ ਸੁੱਕੇ ਚਾਰੇ ਦਾ ਬੰਦੋਬਸਤ ਹੋ ਸਕੇ। ਇਹ ਅਪੀਲ ਡਿਪਟੀ ਕਮਿਸ਼ਨਰ ਸ੍ਰੀ ਕੁਮਾਰ ਸੋਰਭ ਰਾਜ, ਆਈ.ਏ.ਐਸ ਨੇ ਕੀਤੀ।

ਇਸ ਸਬੰਧ ਵਿਚ ਵਧੀਕ ਡਿਪਟੀ ਕਮਿਸ਼ਨਰ (ਵਿਕਾਸ ) ਸ੍ਰੀ ਪ੍ਰੀਤਮਹਿੰਦਰ ਸਿੰਘ ਵੱਲੋਂ ਵਿਭਾਗੀ ਅਧਿਕਾਰੀਆਂ ਅਤੇ ਗਊਸ਼ਾਲਾ ਦੇ ਪ੍ਰਬੰਧਕਾਂ ਨਾਲ ਮੀਟਿੰਗ ਕੀਤੀ ਗਈ। ਮੀਟਿੰਗ ਦੌਰਾਨ ਉਨ੍ਹਾਂ ਕਿਹਾ ਕਿ ਇਹ ਗਊਸ਼ਾਲਾ ਬੇਸਹਾਰਾ ਜਾਨਵਰਾਂ ਲਈ ਇਕ ਵੱਡਾ ਆਸਰਾ ਸਾਬਿਤ ਹੋਈ ਹੈ ਅਤੇ ਇਸ ਸਮੇਂ 1200 ਦੇ ਕਰੀਬ ਪਸ਼ੂ ਰਹਿ ਰਹੇ ਹਨ। ਉਹਨਾਂ ਦੱਸਿਆ ਕਿ 25 ਏਕੜ ਰਕਬੇ ਵਿਚ ਬਣੀ ਗਊਸ਼ਾਲ ਜਿਸ ਦ ਵੱਡੇ ਰਕਬੇ ਵਿਚ ਹਰੇ ਚਾਰੇ ਦੀ ਕਾਸ਼ਤ ਕੀਤੀ ਜਾਂਦੀ ਹੈ, ਜਿਸ ਨੂੰ ਕਿ ਸਟੋਰ ਨਹੀਂ ਕੀਤਾ ਜਾ ਸਕਦਾ ਹੈ। ਇਸ ਲਈ ਸੁੱਕੀ ਤੂੜੀ ਦੀ ਜਰੂਰਤ ਪੈਂਦੀ ਹੈ। ਇਸ ਮੀਟਿੰਗ ਵਿਚ ਸੁਪਰਡੈਂਟ ਪ੍ਰਭਚਰਨ ਸਿੰਘ,

ਪ੍ਰਧਾਨ ਲਾਭ ਸਿੰਘ, ਸਰਪੰਚ ਲਾਭ ਸਿੰਘ ਪੰਚਾਇਤ ਪੱਖੀ ਕਲਾਂ, ਸੀਨੀਅਰ ਮੀਤ ਪ੍ਰਧਾਨ ਗੁਰਮੀਤ ਸਿੰਘ, ਸਰਪੰਚ ਗਰਮਾ ਪੰਚਾਇਤ ਮੁਮਾਰਾ ਸੁਖਪ੍ਰੀਤ ਸਿੰਘ ਆਦਿ ਸ਼ਾਮਿਲ ਸਨ।

ਡਿਪਟੀ ਕਮਿਸ਼ਨਰ ਸ੍ਰੀ ਕੁਮਾਰ ਸੌਰਭ ਰਾਜ ਨੇ ਅਪੀਲ ਕਰਦਿਆਂ ਕਿਹਾ ਕਿ ਅਜਿਹੀਆਂ ਸੰਸਥਾਵਾਂ ਨੂੰ ਲੋਕਾਂ ਦੇ ਸਹਿਯੋਗ ਤਂ ਬਿਨ੍ਹਾਂ ਚਲਾਉਣਾ ਔਖਾ ਹੈ ਇਸ ਲਈ ਜ਼ਿਲ੍ਹੇ ਦੇ ਕਿਸਾਨ ਅਤੇ ਗਊਵੰਸ਼ ਪ੍ਰੇਮੀ ਇਸ ਗਊਸ਼ਾਲਾ ਨੂੰ ਚਲਾਉਣ ਲਈ ਆਰਥਿਕ ਮਦਦ ਅਤੇ ਵੱਧ ਤੋਂ ਵੱਧ ਤੂੜੀ ਆਦਿ ਦਾ ਦਾਨ ਦੇਣ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਪਸ਼ੂ ਭਲਾਈ ਸੋਸਾਇਟੀ ਫਰੀਦਕੋਟ ਵੱਲੋਂ ਇਸ ਦਾ ਸਾਰਾ ਕੰਮ ਕਾਜ ਦੇਖਿਆ ਜਾ ਰਿਹਾ ਹੈ। ਉਨ੍ਹਾ ਦੱਸਿਆ ਕਿ ਦਾਨ ਦੇਣ ਲਈ ਮਿੰਨੀ ਸਕੱਤਰੇਤ ਵਿਖੇ ਸਥਿਤ ਸਟੇਟ ਬੈਂਕ ਆਫਿ ਇੰਡੀਆਂ ਦੀ ਬੈਂਕ ਸ਼ਾਖਾ ਦੇ ਖਾਤਾ ਨੰਬਰ 37677164488 ਅਤੇ ਆਈ.ਐਫ.ਐਸ.ਸੀ ਕੋਡ ਐਸ.ਬੀ.ਆਈ ਐਨ 0051025 ਵਿਚ ਜਮ੍ਹਾ ਕਰਵਾ ਸਕਦੇ ਹਨ ਅਤੇ ਬੇਜੁਬਾਨੇ ਪਸ਼ੂਆਂ ਦੀ ਭਲਾਈ ਕਰਕੇ ਪੁੰਨ ਦਾ ਕੰਮ ਕਰਨ। ਉਨ੍ਹਾਂ ਕਿਹਾ ਕਿ ਕੋਵਿਡ -19 ਨਾਮਕ ਫੈਲੀ ਬਿਮਾਰੀ ਕਾਰਣ ਤੂੜੀ ਦਾਨ ਕਰਨ ਵਾਲੇ ਦਾਨੀ ਸੱਜਣ ਸਮਾਜਿਕ ਦੂਰੀ ਬਣਾਈ ਰੱਖਣ, ਸਮੇ-ਸਮੇਂ ਤੇ ਆਪਣੇ ਹੱਥ ਚੰਗੀ ਤਰ੍ਹਾਂ ਧੋਣ, ਜਰੂਰੀ ਕੰਮ ਦੀ ਹਾਲਤਾਂ ਵਿਚ ਘਰ ਤੋਂ ਬਾਹਰ ਆਉਣ ਸਮੇਂ ਮਾਸਤਕ ਪਹਿਨਣ ਅਤੇ ਪ੍ਰਸ਼ਾਸ਼ਨ ਵੱਲੋਂ ਜਾਰੀ ਕੀਤੇ ਜਾਂਦੇ ਹੁਕਮਾਂ ਦੀ ਪਾਲਣਾ ਕਰਨ, ਆਪਣੇ ਘਰ ਰਹਿਣ ਅਤੇ ਦੂਸਰਿਆਂ ਨੂੰ ਵੀ ਸੁਰੱਖਿਅਤ ਰੱਖਣ।

-------

ਦਫ਼ਤਰ ਜਿਲ੍ਹਾ ਲੋਕ ਸੰਪਰਕ ਅਫ਼ਸਰ, ਫਰੀਦਕੋਟ

## ਜਿਲ੍ਹਾ ਮੈਜਿਸਟਰੇਟ ਨੇ ਟਰਾਂਸਮਿਸ਼ਨ ਲਾਈਨਾਂ ਦੀ ਰਿਪੇਅਰ ਨੂੰ ਪ੍ਰਵਾਨਗੀ ਦਿੱਤੀ

### ਕੰਮ ਦੌਰਾਨ ਸਮਾਜਿਕ ਦੂਰੀ ਬਣਾਉਣ ਅਤੇ ਹਦਾਇਤਾਂ ਦੀ ਪਾਲਣਾ ਦੇ ਆਦੇਸ਼

ਫਰੀਦਕੋਟ, 21 ਅਪ੍ਰੈਲ 2020 ( ) ਜਿਲ੍ਹਾ ਮੈਜਿਸਟਰੇਟ ਫਰੀਦਕੋਟ ਸ੍ਰੀ ਕੁਮਾਰ ਸੌਰਭ ਰਾਜ ਵੱਲੋਂ ਜਿਲ੍ਹੇ ਵਿਚ ਕਰੋਨਾ ਮਹਾਂਮਾਰੀ ਦੇ ਫੈਲਾਅ ਨੂੰ ਰੋਕਣ ਲਈ 23 ਮਾਰਚ 2020 ਨੂੰ ਲਗਾਏ ਗਏ ਕਰਫਿਊ ਦੀ ਲਗਾਤਾਰਤਾ ਅਗਲੇ ਹੁਕਮ ਜਾਰੀ ਕੀਤੇ ਹਨ।

ਸ੍ਰੀ ਕੁਮਾਰ ਸੌਰਭ ਰਾਜ ਨੇ ਕਿਹਾ ਕਿ ਚੀਫ ਮੈਨੇਜਰ, ਪਾਵਰ ਗਰਿੱਡ ਕਾਰਪੋਰੇਸ਼ਨ ਆਫ ਇੰਡੀਆ ਲਿਮਟਡ, ਬਠਿੰਡਾ ਵੱਲੋਂ 765 ਕੇਵੀ ਬੀਕਾਨੇਰ-ਮੋਗਾ ਟਰਾਂਸਮਿਸ਼ਨ ਲਾਈਨ ਜ਼ੋ ਕਿ ਫਰੀਦਕੋਟ, ਮੋਗਾ ਅਤੇ ਸ੍ਰੀ ਮੁਕਤਸਰ ਸਾਹਿਬ ਵਿਚੋਂ ਹੋ ਕੇ ਲੰਘਦੀ ਹੈ। ਇਸ ਲਾਈਨ ਦਾ ਕੰਮ ਮੁਕੰਮਲ ਹੋ ਚੁੱਕਾ ਹੈ, ਪ੍ਰੰਤੂ ਲਾਈਨ ਦੀ ਮੁਰੰਮਤ ਦਾ ਕੁਝ ਕੰਮ ਅਜੇ ਵੀ ਲੰਬਿਤ ਹੈ ਜ਼ੋ ਨੋਵਲ ਕਰੋਨਾ ਵਾਹਿਰਸ ਦੇ ਫੈਲਣ ਕਾਰਣ ਪੂਰਾ ਨਹੀਂ ਹੋ ਸਕਿਆ ਅਤੇ ਕੰਮ ਨਾਲ ਸਬੰਧਤ ਲੇਬਰ ਵੀ ਪਿੰਡ ਦੋਦਾ ਵਿਖੇ ਫਸੀ ਹੋਈ ਹੈ। ਉਨ੍ਹਾਂ ਕਿਹਾ ਕਿ ਕੰਮ ਦੀ ਨਜਾਕਤ ਨੂੰ ਵੇਖਦਿਆਂ ਵਿਚਾਰ ਅਧੀਨ ਪਾਵਰ ਗਰਿੱਡ ਲਾਈਨ ਦਾ ਕੰਮ ਮੁਕੰਮਲ ਕਰਨ ਦੀ ਪ੍ਰਵਾਨਗੀ ਦੇ ਦਿੱਤੀ ਗਈ ਹੈ। ਕਰਫਿਊ ਦੌਰਾਨ ਟਰਾਂਸਮਿਸ਼ਨ ਲਾਈਨ ਦੀ ਰਿਪੇਅਰ ਕਰਨ ਲਈ ਕੁੱਲ 42 ਲੇਬਰਾਂ ਦਰਜ ਪਿੰਡ ਢਿੱਲਵਾਂ ਕਲਾ, ਕੋਠੇ ਗੋਵਿੰਦਰਸਰ, ਕੋਟਕਪੂਰਾ, ਰਾਮਸਰ, ਚੱਕਭਾਗ ਸਿੰਘ, ਸਰਾਵਾਂ, ਕੋਠੇਮੱਲ ਸਿੰਘ, ਰੋਮਾਣਾ ਅਲਬੇਲ ਸਿੰਘ, ਮੱਤਾ, ਢੈਪਈ, ਹਰੀ ਨੌਂ, ਰੋੜੀਕਪੂਰਾ, ਕਾਸਮਭੱਟੀ, ਸੁਰਘੂਰੀ ਮੜਕ, ਖੱਚਰਾਂ ਵਿਖੇ ਕੰਮ ਕਰਨਗੀਆਂ।

ਉਕਤ ਲਾਈਨ ਦੀ ਰਿਪੇਅਰ ਕਰਦੇ ਸਮੇਂ ਅਤੇ ਲੇਬਰ ਨੂੰ ਇਕ ਸਥਾਨ ਤੋਂ ਦੂਜੇ ਸਥਾਨ ਤੇ ਲੈ ਕੇ ਜਾਂਦੇ ਸਮੇਂ ਠੇਕੇਦਾਰ/ਲੇਬਰ ਕਰਮੀ ਭਾਰਤ ਸਰਕਾਰ/ਪੰਜਾਬ ਸਰਕਾਰ ਵੱਲੋਂ ਕੋਵਿਡ-19 ਸਬੰਧੀ ਜਾਰੀ ਕੀਤੀਆਂ ਗਈਆਂ ਹਦਾਇਤਾਂ ਦੀ ਪਾਲਣਾ ਯਕੀਨੀ ਬਣਾਉਣਗੇ ਅਤੇ ਸਮਾਜਕ ਦੂਰੀ ਬਣਾਈ ਰੱਖਣਗੇ। ਲੇਬਰ ਦੇ ਖਾਣੇ, ਰਹਿਣ ਅਤੇ ਉਨ੍ਹਾਂ ਦੀ ਨਿੱਜੀ ਸਵੱਛਤਾ ਦਾ ਠੇਕੇਦਾਰ ਵੱਲੋਂ ਕੋਵਿਡ-19 ਦੌਰਾਨ ਪ੍ਰਬੰਧ ਕੀਤਾ ਜਾਵੇਗਾ।

ਦਫ਼ਤਰ ਜ਼ਿਲ੍ਹਾ ਲੋਕ ਸੰਪਰਕ ਅਫ਼ਸਰ,ਫ਼ਰੀਦਕੋਟ

# ਕੋਵਿਡ ਮਹਾਂਮਾਰੀ ਨੂੰ ਰੋਕਣ ਲਈ ਕੰਮ ਕਰ ਰਹੇ ਸਿਹਤ ਵਿਭਾਗ, ਪੁਲਿਸ ਵਿਭਾਗ ਅਤੇ ਸਿਵਲ ਪ੍ਰਸ਼ਾਸ਼ਨ ਦਾ ਓ.ਐਸ.ਡੀ ਨੇ ਵਧਾਇਆ ਮਨੋਬਲ

## ਸਾਰਿਆਂ ਦੀ ਅਣਥੱਕ ਮਿਹਨਤ ਸਦਕਾ ਜ਼ਿਲ੍ਹੇ ਵਿਚ ਸਥਿਤੀ ਕੰਟਰੋਲ ਹੇਠ - ਓ.ਐਸ.ਡੀ/ ਮੁੱਖ ਮੰਤਰੀ ਸੰਦੀਪ ਬਰਾੜ

ਫ਼ਰੀਦਕੋਟ, 21 ਅਪ੍ਰੈਲ (                    ) ਕੋਵਿਡ-19 ਮਹਾਂਮਾਰੀ ਨੂੰ ਅੱਗੇ ਫੈਲਣ ਤੋਂ ਰੋਕਣ ਲਈ ਪਹਿਲੀ ਕਤਾਰ ਵਿਚ ਅੱਗੇ ਹੋ ਕੇ ਕੰਮ ਕਰ ਰਹੇ ਸਿਹਤ ਵਿਭਾਗ, ਪੁਲਿਸ ਵਿਭਾਗ ਅਤੇ ਸਿਵਲ ਪ੍ਰਸ਼ਾਸ਼ਨ ਦੇ ਅਧਿਕਾਰੀਆਂ ਦਾ ਮਨੋਬਲ ਵਧਾਉਣ ਲਈ ਅੱਜ ਮੁੱਖ ਮੰਤਰੀ ਪੰਜਾਬ ਕੈਪਟਨ ਅਮਰਿੰਦਰ ਸਿੰਘ ਦੇ ਓ.ਐਸ.ਡੀ ਸ੍ਰੀ ਸੰਦੀਪ ਸਿੰਘ ਸੰਨੀ ਬਰਾੜ ਵੱਲੋਂ ਇਹਨਾਂ ਵਿਭਾਗਾਂ ਦੇ ਡਿਊਟੀ ਦੇ ਰਹੇ ਅਧਿਕਾਰੀਆਂ,ਕਰਮਚਾਰੀਆਂ, ਜਵਾਨਾਂ ਅਤੇ ਹੋਰ ਅਮਲੇ ਨਾਲ ਮੁਲਾਕਾਤ ਕਰਕੇ ਜਿਥੇ ਉਹਨਾਂ ਦੀ ਹੌਂਸਲਾ ਅਫ਼ਜਾਈ ਕੀਤੀ, ਉਥੇ ਉਹਨਾਂ ਵੱਲੋਂ ਇਸ ਮੁਸ਼ਕਿਲ ਦੀ ਘੜੀ ਵਿਚ ਆਪਣੀ ਡਿਊਟੀ ਦੇ ਨਾਲ-ਨਾਲ ਮਨੁੱਖਤਾ ਦੀ ਸੇਵਾ ਲਈ ਕੀਤੇ ਜਾ ਰਹੇ ਕਾਰਜਾਂ ਦੀ ਵੀ ਭਰਪੂਰ ਪ੍ਰਸੰਸ਼ਾ ਕੀਤੀ।

ਸ੍ਰੀ ਸੰਨੀ ਬਰਾੜ ਨੇ ਕਿਹਾ ਕਿ ਡਿਪਟੀ ਕਮਿਸ਼ਨਰ ਸ੍ਰੀ ਕੁਮਾਰ ਸੌਰਭ ਰਾਜ, ਸੀਨੀਅਰ ਪੁਲਿਸ ਕਪਤਾਨ ਸ. ਮਨਜੀਤ ਸਿੰਘ ਢੇਸੀ ਅਤੇ ਸਿਵਲ ਸਰਜਨ ਡਾ. ਰਾਜਿੰਦਰ ਕੁਮਾਰ ਅਤੇ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਅਤੇ ਹਸਪਤਾਲ ਦਾ ਸਮੂਹ ਸਟਾਫ਼ ਦੀਆਂ ਅਣਥੱਕ ਮਿਹਨਤ ਸਦਕਾ ਜ਼ਿਲ੍ਹੇ ਵਿਚ ਕਰੋਨਾ ਮਹਾਂਮਾਰੀ ਤੇ ਕਾਬੂ ਪਾਉਣ ਲਈ ਵੱਡੇ ਯਤਨ ਕੀਤੇ ਜਾ ਰਹੇ ਹਨ। ਉਹਨਾਂ ਦੇ ਯਤਨਾਂ ਸਦਕਾ ਹੀ ਜ਼ਿਲ੍ਹੇ ਵਿਚ ਸਥਿਤੀ ਕੰਟਰੋਲ ਹੇਠ ਹੈ। ਉਹਨਾਂ ਕਿਹਾ ਕਿ ਜ਼ਿਲ੍ਹੇ ਦੇ ਤਿੰਨ ਕਰੋਨਾ ਪਾਜੀਟਿਵ ਮਰੀਜ਼ਾਂ ਵਿਚੋਂ ਇਕ ਦੇ ਇਲਾਜ ਉਪਰੰਤ ਸਿਹਤਯਾਬ ਹੋਣ ਮਗਰੋਂ ਛੁੱਟੀ ਮਿਲ ਗਈ ਹੈ ਜਦਕਿ ਦੋ ਦੀ ਹਾਲਤ ਵਿਚ ਲਗਾਤਾਰ ਸੁਧਾਰ ਹੋ ਰਿਹਾ ਹੈ। ਉਹਨਾਂ ਕਰੋਨਾ ਮਹਾਂਮਾਰੀ ਦੀ ਰੋਕਥਾਮ ਲਈ ਦਿਨ-ਰਾਤ ਕੰਮ ਕਰ ਰਹੇ ਸਮੂਹ ਵਰਗਾਂ ਦਾ ਧੰਨਵਾਦ ਕੀਤਾ ਤੇ ਕਿਹਾ ਕਿ ਜ਼ਿਲ੍ਹੇ ਦੇ ਲੋਕ ਹਮੇਸ਼ਾਂ ਉਹਨਾਂ ਦੇ ਅਭਾਰੀ ਰਹਿਣਗੇ।

-------

ਦਫਤਰ ਜਿਲ੍ਹਾ ਲੋਕ ਸੰਪਰਕ ਅਫਸਰ, ਫਰੀਦਕੋਟ

ਕਰਫਿਊ ਦੌਰਾਨ ਮੁੱਖ ਡਾਕਘਰ ਫਰੀਦਕੋਟ ਵਿਖੇ ਕੋਈ ਨਵਾਂ ਖਾਤਾ ਨਹੀਂ ਖੋਲ੍ਹਿਆ ਜਾਵੇਗਾ

ਕਿਸੇ ਵੀ ਜ਼ਰੂਰੀ ਕੰਮ ਲਈ ਫੋਨ ਨੰਬਰ 01639-256384 ਤੇ ਸੰਪਰਕ ਕਰੋ

ਫਰੀਦਕੋਟ 21 ਅਪ੍ਰੈਲ () ਸੁਪਰਡੈਂਟ ਡਾਕਘਰ ਸ੍ਰੀ ਸੁਨੀਲ ਕੁਮਾਰ ਨੇ ਦੱਸਿਆ ਕਿ ਕੁਝ ਦਿਨਾਂ ਤੋਂ ਦੇਖਿਆ ਜਾ ਰਿਹਾ ਹੈ ਕਿ ਫਰੀਦਕੋਟ ਹੈੱਡ ਪੋਸਟ ਆਫਿਸ ਵਿੱਚ ਸ਼ਹਿਰ ਅਤੇ ਆਸ ਪਾਸ ਦੇ ਪਿੰਡਾਂ ਤੋਂ ਬਹੁਤ ਸਾਰੇ ਲੋਕ ਜਨ ਧਨ ਖਾਤਾ ਖੁਲਵਾਉਣ ਆ ਰਹੇ ਹਨ, ਜਿਸਦਾ ਕਾਰਨ ਇਹ ਦੱਸਿਆ ਜਾ ਰਿਹਾ ਹੈ ਕਿ ਕੇਂਦਰ ਸਰਕਾਰ ਦੁਆਰਾ ਇਸ ਖਾਤੇ ਵਿੱਚ ਪੈਸੇ ਪਾਏ ਜਾਣਗੇ। ਉਨ੍ਹਾਂ ਦੱਸਿਆ ਕਿ ਫਰੀਦਕੋਟ ਕਰਫਿਊ ਦੇ ਦੌਰਾਨ ਫਰੀਦਕੋਟ ਹੈੱਡ ਪੋਸਟ ਆਫਿਸ ਵਿੱਚ ਕੋਈ ਵੀ ਨਵਾਂ ਖਾਤਾ ਨਹੀਂ ਖੋਲ੍ਹਿਆ ਜਾਵੇਗਾ। ਜੇਕਰ ਕਿਸੇ ਨੇ ਬਹੁਤ ਜ਼ਰੂਰੀ ਖਾਤਾ ਖੁਲ੍ਹਵਾਉਣਾ ਹੈ ਅਤੇ ਉਸਦਾ ਕਿਸੇ ਬੈਂਕ ਵਿੱਚ ਖਾਤਾ ਨਹੀਂ ਹੈ ਤਾਂ ਉਹ ਫਰੀਦਕੋਟ ਹੈੱਡ ਪੋਸਟ ਆਫਿਸ ਦੇ ਟੈਲੀਫੋਨ ਨੰਬਰ 01639-256384 ਤੇ ਸੰਪਰਕ ਕਰ ਸਕਦਾ ਹੈ ਅਤੇ ਪੋਸਟਮੈਨ ਦੁਆਰਾ ਘਰ ਜਾ ਕੇ ਉਸਦਾ ਖਾਤਾ ਖੋਲ ਦਿੱਤਾ ਜਾਵੇਗਾ।

ਸ੍ਰੀ ਸੁਨੀਲ ਕੁਮਾਰ ਨੇ ਅੱਗੇ ਦੱਸਿਆ ਕਿ ਹਰ ਪਿੰਡ ਲਈ ਡਾਕਘਰ ਦਾ ਕਰਮਚਾਰੀ ਨਿਯੁਕਤ ਹੈ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਜੇਕਰ ਕਿਸੇ ਨੇ ਖਾਤਾ ਖੁਲਵਾਉਣਾ ਹੈ ਤਾਂ ਉਹ ਉਸ ਕਰਮਚਾਰੀ ਤੋਂ ਸਮਾਜਿਕ ਦੂਰੀ ਦੇ ਨਿਯਮਾਂ ਦਾ ਪਾਲਨ ਕਰਦੇ ਹੋਏ ਸੇਵਾ ਲੈ ਸਕਦਾ ਹੈ। ਜਿਸ ਕਿਸੇ ਨੇ ਵੀ ਬੈਂਕ ਖਾਤੇ ਤੋਂ ਪੈਸਾ ਕਢਾਉਣਾ ਹੈ ਉਹ ਆਧਾਰ ਕਾਰਡ ਅਤੇ ਮੋਬਾਇਲ ਨੰਬਰ ਦੇ ਰਾਹੀਂ 10 ਹਜ਼ਾਰ ਰੁਪਏ ਤੱਕ ਦੀ ਰਾਸ਼ੀ ਕਢਵਾ ਸਕਦਾ ਹੈ। ਇਸ ਦੇ ਨਾਲ ਹੀ ਜੇਕਰ ਕਿਸੇ ਨੇ ਬੈਂਕ ਜਾਂ ਡਾਕਘਰ ਦੇ ਖਾਤੇ ਤੋਂ ਪੈਸਾ ਕਢਵਾਉਣਾ ਹੈ ਉਹ ਵਿਅਕਤੀ ਹੀ ਡਾਕਘਰ ਵਿੱਚ ਜਾਏ। ਇਸ ਦੇ ਨਾਲ ਹੀ ਉਨ੍ਹਾਂ ਅਪੀਲ ਕੀਤੀ ਕਿ ਪ੍ਰਸ਼ਾਸਨ ਦੇ ਹੁਕਮਾਂ ਦਾ ਪਾਲਣ ਕੀਤਾ ਜਾਵੇ ਅਤੇ ਫਰੀਦਕੋਟ ਡਾਕਘਰ ਵਿੱਚ ਭੀੜ ਨਾ ਲਗਾਈ ਜਾਵੇ।